Tender Heart High School Sec- 33 B Chd.

Class- 6 Ramandeep Kaur

Topic- ਮੈਨੂੰ ਹੈ ਸਫ਼ਾਈ ਪਸੰਦ ਪਾਠ- 5

ਸ਼ੁੱਭ ਸਵੇਰ

ਪਿਆਰੇ ਬੱਚਿਓ ਇਸ ਹਫ਼ਤੇ ਅਸੀਂ ਛੇਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਵਿਤਾ 'ਮੈਨੂੰ ਹੈ ਸਫ਼ਾਈ ਪਸੰਦ' ਬਾਰੇ ਵਿਚਾਰ ਕਰਾਂਗੇ। ਇਹ ਕਵਿਤਾ ਤੁਹਾਡੀ ਪੰਜਾਬੀ ਦੀ ਪਾਠ-ਪੁਸਤਕ ਦੇ ਪੰਨਾ ਨੰਬਰ 31 ਤੇ ਦਰਜ ਹੈ।

ਤੁਸੀਂ ਆਪਣੀ ਪਾਠ ਪੁਸਤਕ ਸਾਹਮਣੇ ਰੱਖ ਕੇ ਇਹ ਆਡੀਓ ਸੁਣਨੀ ਹੈ।

ਆਓ ਪਹਿਲਾਂ ਕਵਿਤਾ ਪੜ੍ਹਦੇ ਹਾਂ।

ਮੈਂ ਭਾਰਤ ਦਾ ਸੱਚਾ ਸ਼ਹਿਰੀ,
ਮੈਨੂੰ ਹੈ ਸਫ਼ਾਈ ਪਸੰਦ,
ਮੈਂ ਨਾ ਪਾਵਾਂ ਕਿਤੇ ਵੀ ਗੰਦ।
ਉੱਠ ਸਵੇਰੇ ਸੈਰ ਨੂੰ ਜਾਵਾਂ,
ਬੁਰਸ਼ ਕਰਾਂ ਤੇ ਨ੍ਹਾ ਕੇ ਆਵਾਂ,

ਸਾਫ਼-ਸੁਥਰੇ ਮੈਂ ਕੱਪੜੇ ਪਾਵਾਂ,
ਫਿਰ ਮੈਂ ਪੜ੍ਹਨ ਸਕੂਲੇ ਜਾਵਾਂ,
ਮੈਨੂੰ ਹੈ ਸਫ਼ਾਈ ਪਸੰਦ,
ਮੈਂ ਨਾ ਪਾਵਾਂ ਕਿਤੇ ਵੀ ਗੰਦ।

Class-6 Ramandeep Kaur

Topic- ਮੈਨੂੰ ਹੈ ਸਫਾਈ ਪਸੰਦ ਪਾਠ-5

ਇਹ ਬਹੁਤ ਹੀ ਸਿੱਖਿਆ-ਦਾਇਕ ਕਵਿਤਾ ਹੈ। ਸਾਡਾ ਇਹ ਫਰਜ਼ ਬਣਦਾ ਹੈ ਕਿ ਸਾਨੂੰ ਆਪਣਾ ਆਲਾ-ਦੁਆਲਾ ਸਾਫ-ਸੁਥਰਾ ਰਖਣਾ ਚਾਹੀਦਾ ਹੈ। ਇਸ ਕਵਿਤਾ ਰਾਹੀਂ ਇੱਕ ਬੱਚਾ ਸਾਫ-ਸਫਾਈ ਬਾਰੇ ਆਪਣੇ ਵਿਚਾਰ ਸਾਂਝੇ ਕਰ ਰਿਹਾ ਹੈ। ਉਹ ਕਹਿ ਰਿਹਾ ਹੈ ਕਿ ਮੈਂ ਭਾਰਤ ਦੇਸ਼ ਦਾ ਚੰਗਾ ਨਾਗਰਿਕ ਹਾਂ। ਮੈਨੂੰ ਸਫਾਈ ਬਹੁਤ ਪਸੰਦ ਹੈ। ਮੈਂ ਰੋਜ਼ ਸਵੇਰੇ ਉੱਠ ਕੇ ਸੈਰ ਨੂੰ ਜਾਂਦਾ ਹਾਂ, ਚੰਗੀ ਤਰ੍ਹਾਂ ਨਹਾ ਕੇ, ਆਪਣੇ ਦੰਦ ਸਾਫ ਕਰਕੇ, ਸਾਫ-ਸੁਥਰੇ ਕਪੜੇ ਪਾ ਕੇ ਫਿਰ ਮੈਂ ਸਕੂਲ ਨੂੰ ਜਾਂਦਾ ਹਾਂ। ਮੈਂ ਕਿਤੇ ਵੀ ਗੰਦ ਨਹੀਂ ਪਾਉਂਦਾ। ਮੈਨੂੰ ਸਫਾਈ ਪਸੰਦ ਹੈ ਅਤੇ ਮੈਂ ਹਰ ਪਾਸੇ ਸਾਫ-ਸਫਾਈ ਹੀ ਰਖਣਾ ਚਾਹੁੰਦਾ ਹਾਂ।

★ ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

1. ਬੱਚੇ ਨੂੰ ਕੀ ਪਸੰਦ ਹੈ?
2. ਉਹ ਸਕੂਲ ਕਿਹੋ ਜਿਹੇ ਕਪੜੇ ਪਾ ਕੇ ਜਾਂਦਾ ਹੈ?
3. ਉਹ ਭਾਰਤ ਦਾ ਕਿਹੋ ਜਿਹਾ ਨਾਗਰਿਕ ਹੈ?

ਉਮੀਦ ਹੈ ਤੁਸੀਂ ਉੱਤਰ ਲਿਖ ਲਏ ਹੋਣਗੇ।

1. ਬੱਚੇ ਨੂੰ ਹਰ ਪਾਸੇ ਸਫਾਈ ਪਸੰਦ ਹੈ।
2. ਉਹ ਸਕੂਲ ਸਾਫ-ਸੁਥਰੇ ਕਪੜੇ ਪਾ ਕੇ ਜਾਂਦਾ ਹੈ।

Class-6 Ramandeep Kaur

Topic- ਮੈਨੂੰ ਹੈ ਸਫ਼ਾਈ ਪਸੰਦ ਪਾਠ - 5

3. ਉਹ ਭਾਰਤ ਦਾ ਚੰਗਾ ਨਾਗਰਿਕ ਹੈ।

ਆਓ ਹੁਣ ਕਵਿਤਾ ਅੱਗੇ ਪੜ੍ਹਦੇ ਹਾਂ।

ਜਦ ਮੈਂ ਕਿਧਰੇ ਘੁੰਮਣ ਜਾਵਾਂ,
ਕੂੜਾ ਇੱਕ ਥੈਲੀ ਵਿੱਚ ਪਾਵਾਂ,
ਥੈਲੀ ਚੁੱਕ ਕੇ ਨਾਲ ਲਿਆਵਾਂ,
ਕੂੜੇਦਾਨ 'ਚ ਸੁੱਟ ਕੇ ਆਵਾਂ,
ਮੈਨੂੰ ਹੈ ਸਫ਼ਾਈ ਪਸੰਦ,
ਮੈਂ ਨਾ ਪਾਵਾਂ ਕਿਤੇ ਵੀ ਗੰਦ।

ਢਕਿਆ ਸਾਫ਼ ਖਾਣਾ ਖਾਵਾਂ,
ਬਿਮਾਰੀ ਨੂੰ ਦੂਰ ਭਜਾਵਾਂ,
ਸੁੰਦਰ, ਸੋਹਣਾ ਦੇਸ਼ ਮੈਂ ਚਾਹਵਾਂ
ਸਭ ਨੂੰ ਇਹੀ ਗੱਲ ਸਮਝਾਵਾਂ,
ਮੈਨੂੰ ਹੈ ਸਫ਼ਾਈ ਪਸੰਦ,
ਮੈਂ ਨਾ ਪਾਵਾਂ ਕਿਤੇ ਵੀ ਗੰਦ।

ਮੈਂ ਭਾਰਤ ਦਾ ਸੱਚਾ ਸ਼ਹਿਰੀ,
ਮੈਨੂੰ ਹੈ ਸਫ਼ਾਈ ਪਸੰਦ,
ਮੈਂ ਨਾ ਪਾਵਾਂ ਕਿਤੇ ਵੀ ਗੰਦ।

I.I



Class-6 Ramandeep Kaur

Topic- ਮੈਨੂੰ ਹੈ ਸਫ਼ਾਈ ਪਸੰਦ ਪਾਠ-5

ਕਵਿਤਾ ਰਾਹੀਂ ਬੱਚਾ ਬਹੁਤ ਹੀ ਵਧੀਆ ਵਿਚਾਰ ਪੇਸ਼ ਕਰ ਰਿਹਾ ਹੈ। ਉਸਦਾ ਕਹਿਣਾ ਹੈ ਕਿ ਜਦੋਂ ਉਹ ਕਿਸੇ ਥਾਂ ਤੇ ਘੁੰਮਣ ਜਾਂਦਾ ਹੈ ਸਾਰਾ ਕੂੜਾ ਇੱਕ ਥੈਲੀ ਵਿੱਚ ਪਾਉਂਦਾ ਹੈ ਅਤੇ ਉਸਨੂੰ ਕੂੜੇਦਾਨ ਵਿੱਚ ਸੁੱਟਦਾ ਹੈ। ਉਸਨੂੰ ਸਫ਼ਾਈ ਬਹੁਤ ਪਸੰਦ ਹੈ ਅਤੇ ਉਹ ਕਿਤੇ ਵੀ ਗੰਦ ਨਹੀਂ ਪਾਉਂਦਾ। ਉਹ ਬਹੁਤ ਹੀ ਸੁਲਝਿਆ ਹੋਇਆ ਬੱਚਾ ਹੈ ਉਸਨੂੰ ਸਫ਼ਾਈ ਦੀ ਅਹਿਮੀਅਤ / ਮਹੱਤਤਾ ਪਤਾ ਹੈ। ਉਹ ਹਮੇਸ਼ਾਂ ਸਾਫ਼-ਸੁਥਰਾ ਅਤੇ ਢੱਕਿਆ ਹੋਇਆ ਖਾਣਾ ਖਾਂਦਾ ਹੈ। ਉਹ ਸਫ਼ਾਈ ਨਾਲ ਬਿਮਾਰੀ ਨੂੰ ਦੂਰ ਭਜਾਉਣਾ ਚਾਹੁੰਦਾ ਹੈ। ਉਸਦੀ ਇੱਛਾ ਹੈ ਕਿ ਉਸਦਾ ਦੇਸ਼ ਸਾਫ਼-ਸੁਥਰਾ ਅਤੇ ਸੋਹਣਾ ਦੇਸ਼ ਹੋਵੇ। ਉਸਦੇ ਦੇਸ਼ ਦੀ ਧਰਤੀ ਸਭ ਤੋਂ ਸੋਹਣੀ ਹੋਵੇ। ਉਹ ਆਪਣਾ ਆਲਾ-ਦੁਆਲਾ ਸਾਫ਼ ਰਖ ਕੇ ਆਪਣੇ ਦੇਸ਼ ਨੂੰ ਸਵਰਗ ਬਣਾਉਣਾ ਚਾਹੁੰਦਾ ਹੈ। ਅਸੀਂ ਸਾਰੇ ਇਸ ਬੱਚੇ ਤੋਂ ਸਿੱਖਿਆ ਲਈਏ ਅਤੇ ਪੱਕਾ ਇਰਾਦਾ ਬਣਾਈਏ ਕਿ ਆਪਣਾ ਆਲਾ-ਦੁਆਲਾ ਸਾਫ਼-ਸੁਥਰਾ ਰੱਖਾਂਗੇ।

★ ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇਣੇ ਹਨ।

4. ਬੱਚੇ ਨੂੰ ਕਿਹੜੀ ਚੰਗੀ ਆਦਤ ਹੈ?

5. ਉਹ ਕੂੜਾ ਕਿੱਥੇ ਸੁੱਟਦਾ ਹੈ?

Class-6 Ramandeep Kaur

Topic - ਮੈਲੂ ਤੋਂ ਸਫਾਈ ਪਸੰਦ ਪਾਠ - 5

6. ਬੱਚਾ ਕਿਹੋ ਜਿਹਾ ਖਾਣਾ ਖਾਂਦਾ ਹੈ ?

7. ਉਹ ਆਪਣੇ ਦੇਸ਼ ਨੂੰ ਕਿਹੋ ਜਿਹਾ ਬਣਾਉਣਾ ਚਾਹੁੰਦਾ ਹੈ ?

ਆਓ ਹੁਣ ਉੱਤਰ ਵਿਚਾਰਦੇ ਹਾਂ।

4. ਬੱਚੇ ਨੂੰ ਸਾਫ-ਸਫਾਈ ਰੱਖਣ ਦੀ ਚੰਗੀ ਆਦਤ ਹੈ।

5. ਉਹ ਕੂੜਾ, ਕੂੜੇਦਾਨ ਵਿੱਚ ਸੁੱਟਦਾ ਹੈ।

6 ਬੱਚਾ ਸਾਫ-ਸੁਥਰਾ ਅਤੇ ਢਕਿਆ ਹੋਇਆ ਖਾਣਾ ਖਾਂਦਾ ਹੈ।

7. ਉਹ ਆਪਣੇ ਦੇਸ਼ ਨੂੰ ਸੋਹਣਾ ਅਤੇ ਸੁੰਦਰ ਬਣਾਉਣ ਦੀ ਇੱਛਾ ਰਖਦਾ ਹੈ।

ਘਰ ਦਾ ਕੰਮ

1. ਪੰਨਾ ਨੰਬਰ 33, 35 ਦਾ ਅਭਿਆਸ ਹਲ ਕਰਨ ਦਾ ਜਤਨ ਕਰੋ।

ਧੰਨਵਾਦ

(Last page)